بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਅਜ਼ੀਮ ਉਸਵੇ ਦਾਨ ਪੁੰਨ ਦੀ ਰੋਸ਼ਨੀ ਵਿੱਚ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਉੱਚੇ ਅਖ਼ਲਾਕ਼ ਦਾ ਦਿਲ ਅਫ਼ਰੋਜ਼ ਤਜ਼ਕਿਰਾ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 12 ਜੂਨ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ اِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

**ਤਸ਼ੱਹੁਦ**, **ਤਅੱਵੁਜ਼**, **ਸੂਰਤ ਫ਼ਾਤਿਹਾ**, **ਸੂਰਤ ਬਕ਼ਰਹ** ਦੀ ਆਯਾਤ 275 ਅਤੇ **ਸੂਰਤ ਜ਼ਾਰਿਯਾਤ** ਦੀ ਆਯਤ 20 ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਪਹਿਲੀ ਆਯਤ ਜਿਹੜੀ ਮੈਂ ਪੜ੍ਹੀ ਹੈ, ਉਹ **ਸੂਰਤ ਬਕ਼ਰਹ** ਦੀ ਹੈ ਜਿਸਦਾ ਅਨੁਵਾਦ ਹੈ ਕਿ ਜਿਹੜੇ ਲੋਕ ਆਪਣੇ ਮਾਲ ਰਾਤ ਦਿਨ ਖ਼ੁਫ਼ੀਆ ਤੌਰ 'ਤੇ ਵੀ ਅਤੇ ਜ਼ਾਹਿਰੀ ਤੌਰ 'ਤੇ ਵੀ ਅੱਲਾਹ ਦੀ ਰਾਹ ਵਿੱਚ ਖ਼ਰਚ ਕਰਦੇ ਰਹਿੰਦੇ ਹਨ ਉਨ੍ਹਾਂ ਦੇ ਲਈ ਉਨ੍ਹਾਂ ਦੇ ਰੱਬ ਦੇ ਕੋਲ ਉਨ੍ਹਾਂ ਦਾ ਬਦਲਾ ਮਹਿਫ਼ੂਜ਼ ਹੈ। ਨਾ ਉਨ੍ਹਾਂ ਨੂੰ ਕੋਈ **ਖ਼ੌਫ਼** ਹੋਵੇਗਾ ਅਤੇ ਨਾ ਹੀ ਉਹ **ਗ਼ਮਗੀਨ** ਹੋਣਗੇ।

ਦੂਸਰੀ ਆਯਤ **ਸੂਰਤ ਜ਼ਾਰਿਯਾਤ** ਦੀ ਹੈ ਜਿਸ ਵਿੱਚ ਅੱਲਾਹ ਤਆਲਾ ਫ਼ਰਮਾਉਂਦਾ ਹੈ ਕਿ ਉਨ੍ਹਾਂ ਦੇ ਮਾਲਾਂ ਵਿੱਚ ਮੰਗਣ ਵਾਲਿਆਂ ਦਾ ਵੀ ਹੱਕ਼ ਸੀ ਅਤੇ ਜਿਹੜੇ ਮੰਗ ਨਹੀਂ ਸਕਦੇ ਸਨ ਉਨ੍ਹਾਂ ਦਾ ਵੀ ਹੱਕ਼ ਸੀ। ਅੱਜ ਮੈਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਦਾਨ ਪੁੰਨ ਦੇ ਉਸਵੇ ਦੇ ਬਾਰੇ ਕੁੱਝ ਰਵਾਇਤਾਂ ਬਿਆਨ ਕਰਾਂਗਾ। ਇਨ੍ਹਾਂ ਰਿਵਾਇਤਾਂ ਤੋਂ ਪਤਾ ਲੱਗਦਾ ਹੈ ਕਿ ਆਪ ﷺ ਦਾ ਆਪਣਾ ਅਮਲ ਕੀ ਸੀ ਅਤੇ ਆਪ ﷺ ਨੇ ਕਿਸ ਤਰ੍ਹਾਂ ਵਾਰ-ਵਾਰ ਮੋਮਿਨਾਂ ਨੂੰ ਇਸ ਹਵਾਲੇ ਨਾਲ **ਤਵੱਜੋ** ਦਵਾਈ ਹੈ। ਕ਼ੁਰਆਨ ਕਰੀਮ ਵਿੱਚ ਅੱਲਾਹ ਤਆਲਾ ਨੇ **ਲੋੜਵੰਦਾਂ** ਦੀਆਂ ਲੋੜਾਂ ਪੂਰਾ ਕਰਨ ਵੱਲ ਬਹੁਤ ਤਵੱਜੋ ਦਵਾਈ ਹੈ। ਆਪ ﷺ ਨੇ ਇਸ ਪਾਸੇ ਨਾ ਸਿਰਫ਼ ਆਪਣੇ ਇਰਸ਼ਾਦਾਂ ਬਲਕਿ ਆਪਣੇ ਅਮਲੀ ਨਮੂਨੇ ਨਾਲ ਵੀ ਬਹੁਤ ਤਵੱਜੋ ਦਵਾਈ ਹੈ। ਹਜ਼ਰਤ ਅਨਸ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਆਪ ﷺ ਇਨ੍ਹਾਂ ਦੁਆਇਆ ਅਲਫ਼ਾਜ਼ ਦੇ ਨਾਲ ਦੁਆ ਕਰਦੇ ਸਨ ਕਿ ਐ ਅੱਲਾਹ! ਮੈਂ **ਕੰਜੂਸੀ**, **ਸੁਸਤੀ**, **ਬਦ-ਤਰੀਨ ਉਮਰ** ਅਤੇ **ਕ਼ਬਰ ਦੇ ਅਜ਼ਾਬ** ਅਤੇ ਜ਼ਿੰਦਗੀ ਅਤੇ ਮੌਤ ਦੇ **ਫ਼ਿਤਨੇ** ਤੋਂ ਤੇਰੀ ਪਨਾਹ ਮੰਗਦਾ ਹਾਂ।

ਇਸੇ ਤਰ੍ਹਾਂ ਹਜ਼ਰਤ ਅਨਸ ਰਜ਼ਿ ਅੱਲਾਹੁ ਅਨਹੁ ਤੋਂ ਹੀ ਰਿਵਾਇਤ ਹੈ, ਕਹਿੰਦੇ ਹਨ ਕਿ ਆਪ ﷺ ਇਹ ਦੁਆ ਕਰਦੇ ਸਨ: اَللّٰهُمَّ إِنِّيْ أَعُوْذُ بِكَ مِنَ الْهَمِّ وَالْحَزَنِ وَالْعَجْزِ وَالْكَسَلِ وَالْجُبْنِ وَالْبُخْلِ وَضَلَعِ الدَّيْنِ وَغَلَبَةِ الرِّجَالِ

ਯਾਨੀ ਐ ਅੱਲਾਹ! ਮੈਂ ਤੇਰੀ ਪਨਾਹ ਲੈਂਦਾ ਹਾਂ **ਫ਼ਿਕਰ** ਅਤੇ **ਗ਼ਮ** ਤੋਂ, **ਆਜਜ਼ੀ** ਅਤੇ **ਸੁਸਤੀ** ਅਤੇ **ਬੁਜ਼ਦਿਲੀ** ਅਤੇ **ਕੰਜੂਸੀ** ਅਤੇ **ਕ਼ਰਜ਼ੇ** ਦੇ ਜ਼ਿਆਦਾ ਹੋਣ ਅਤੇ ਲੋਕਾਂ ਦੇ **ਗ਼ਲਬੇ** ਤੋਂ।

ਅੱਲਾਹ ਤਆਲਾ ਦੀ ਰਾਹ ਵਿੱਚ ਖ਼ਰਚ ਕਰਨ ਦੇ ਬਾਰੇ ਆਪ ﷺ ਨੇ ਇਹ ਨਸੀਹਤ ਫ਼ਰਮਾਈ ਕਿ ਥੈਲੀ ਦਾ ਮੂੰਹ ਬੰਨ੍ਹ ਕੇ ਨਾ ਰੱਖਿਆ ਕਰੋ ਨਹੀਂ ਤਾਂ ਤੁਹਾਡੇ ਤੋਂ ਵੀ ਰੋਕ ਲਿਆ ਜਾਵੇਗਾ। ਫ਼ਰਮਾਇਆ ਗਿਣਦੇ ਨਾ ਰਿਹਾ ਕਰੋ ਨਹੀਂ ਤਾਂ ਅੱਲਾਹ ਤਆਲਾ ਵੀ ਗਿਣ ਗਿਣ ਕੇ ਦੇਵੇਗਾ। ਫ਼ਰਮਾਇਆ ਦਾਨ ਪੁੰਨ ਕਰਨ ਵਾਲਾ **ਅੱਲਾਹ** ਦੇ ਕ਼ਰੀਬ ਹੈ, **ਜੰਨਤ**

ਦੇ ਕ਼ਰੀਬ ਹੈ, **ਲੋਕਾਂ** ਦੇ ਕ਼ਰੀਬ ਹੈ ਅਤੇ **ਅੱਗ** ਤੋਂ ਦੂਰ ਹੈ ਜਦਕਿ ਕੰਜੂਸੀ ਕਰਨ ਵਾਲ਼ਾ ਅੱਲਾਹ ਤੋਂ, ਜੱਨਤ ਤੋਂ, ਲੋਕਾਂ ਤੋਂ ਦੂਰ ਹੈ ਪਰ ਅੱਗ ਦੇ ਨਜ਼ਦੀਕ ਹੈ। ਜੱਨਤ ਵਿੱਚ **ਧੋਖੇਬਾਜ਼**, **ਕੰਜੂਸ** ਅਤੇ **ਅਹਿਸਾਨ** ਜਤਾਉਣ ਵਾਲ਼ਾ ਦਾਖ਼ਿਲ ਨਹੀਂ ਹੋਵੇਗਾ। ਮੋਮਿਨ ਸਾਦੀ ਤਬੀਅਤ ਵਾਲ਼ਾ ਅਤੇ ਦਾਨ ਪੁੰਨ ਕਰਨ ਵਾਲ਼ਾ ਹੁੰਦਾ ਹੈ ਜਦ ਕਿ ਗੁਨਾਹਗਾਰ ਧੋਖਾ ਦੇਣ ਵਾਲ਼ਾ ਅਤੇ ਹੀਣਾ ਹੁੰਦਾ ਹੈ।

ਇੱਕ ਮੌਕ਼ੇ 'ਤੇ ਨਸੀਹਤ ਕਰਦੇ ਹੋਏ ਆਪ ﷺ ਨੇ ਫ਼ਰਮਾਇਆ ਕਿ ਐ ਇਬਨਿ ਆਦਮ! ਤੇਰਾ ਆਪਣੀ ਲੋੜ ਤੋਂ ਜ਼ਿਆਦਾ ਮਾਲ ਖ਼ਰਚ ਕਰਨਾ ਤੇਰੇ ਲਈ ਬਿਹਤਰ ਹੈ, ਤੇਰਾ ਉਸ ਨੂੰ ਰੋਕ ਰੱਖਣਾ ਤੇਰੇ ਲਈ ਬੁਰਾ ਹੈ, ਲੋੜ ਜਿੰਨਾ ਰੋਕ ਰੱਖਣ 'ਤੇ ਕੋਈ ਨਿੰਦਿਆ ਨਹੀਂ ਕੀਤੀ ਜਾਵੇਗੀ, ਤੂੰ ਉਸ ਤੋਂ ਸ਼ੁਰੂ ਕਰ ਜਿਸ ਦੀ ਪਰਵਰਿਸ਼ ਤੇਰੇ ਜ਼ਿੰਮੇ ਹੈ, ਉੱਤੇ ਵਾਲ਼ਾ ਹੱਥ ਥੱਲੇ ਵਾਲ਼ੇ ਹੱਥ ਤੋਂ ਬਿਹਤਰ ਹੈ।

ਇੱਕ ਵਾਰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਦੇ ਕੋਲ਼ ਤਸ਼ਰੀਫ਼ ਲਿਆਏ। ਉਨ੍ਹਾਂ ਦੇ ਕੋਲ਼ ਖਜੂਰ ਦੀ ਇੱਕ ਢੇਰੀ ਜਮ੍ਹਾ ਸੀ ਜਿਹੜੀ ਉਨ੍ਹਾਂ ਨੇ ਨਬੀ ਕਰੀਮ ﷺ ਅਤੇ ਆਪ ﷺ ਦੇ ਮਹਿਮਾਨਾਂ ਦੇ ਲਈ ਜਮ੍ਹਾ ਕਰ ਰੱਖੀ ਸੀ। ਆਪ ﷺ ਨੇ ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਨੂੰ ਮੁਖ਼ਾਤਿਬ ਕਰਕੇ ਫ਼ਰਮਾਇਆ: ਕੀ ਤੂੰ ਇਸ ਗੱਲ ਤੋਂ ਨਹੀਂ ਡਰਦਾ ਕਿ ਇਸ ਢੇਰ 'ਤੇ **ਜਹੱਨਮ** ਦੀ ਗਰਮ **ਲਪਟ** ਆਣ ਪਹੁੰਚੇ। ਫਿਰ ਆਪ ﷺ ਨੇ ਫ਼ਰਮਾਇਆ: ਐ ਬਿਲਾਲ! ਖ਼ਰਚ ਕਰਦਾ ਜਾ, ਖ਼ੁਦਾਇ ਜ਼ੁਲ੍-ਅਰਸ਼ ਦੇ ਹੁੰਦੇ ਹੋਏ ਫ਼ਿਕ਼ਰ ਫ਼ਾਕ਼ੇ ਤੋਂ ਨਾ ਡਰ।

ਇੱਕ ਮੌਕ਼ੇ ਤੇ ਆਪ ﷺ ਨੇ ਫ਼ਰਮਾਇਆ ਕਿ ਮੈਂ ਤਾਂ ਸਿਰਫ਼ **ਵੰਡਣ** ਵਾਲ਼ਾ ਹਾਂ **ਦੇਣ** ਵਾਲ਼ਾ ਤਾਂ ਅੱਲਾਹ ਹੈ। ਦਾਨ ਪੁੰਨ ਦੀ ਸਿਫ਼ਤ ਆਪ ﷺ ਵਿੱਚ **ਬਅਸਤ** ਤੋਂ ਪਹਿਲਾਂ ਵੀ ਪਾਈ ਜਾਂਦੀ ਸੀ ਜਿਸ ਦੀ **ਗਵਾਹੀ** ਅਸੀਂ ਹਜ਼ਰਤ ਖ਼ਦੀਜਾ ਰਜ਼ਿ ਅੱਲਾਹੁ ਅਨਹਾ ਦੇ ਬਿਆਨ ਵਿੱਚ ਪੜ੍ਹਦੇ ਹਾਂ ਜਿਹੜਾ ਪਹਿਲੀ ਵਹੀ ਦੇ ਮੌਕ਼ੇ 'ਤੇ ਆਪ ﷺ ਨੇ ਦਿੱਤਾ। ਆਪ ﷺ ਨੇ ਫ਼ਰਮਾਇਆ ਸੀ ਕਿ ਘਬਰਾਉਣ ਦੀ ਲੋੜ ਨਹੀਂ, ਅੱਲਾਹ ਦੀ ਕ਼ਸਮ! ਅੱਲਾਹ ਆਪ ﷺ ਨੂੰ ਕਦੀ **ਰੁਸਵਾ** ਨਹੀਂ ਕਰੇਗਾ। ਆਪ ﷺ ਸਿਲਾ ਰਹਿਮੀ ਕਰਦੇ ਹੋ, ਕਮਜ਼ੋਰ ਦਾ **ਬੋਝ** ਉਠਾਉਂਦੇ ਹੋ, ਉਹ **ਨੇਕੀਆਂ** ਕਰਦੇ ਹੋ ਜਿਹੜੀਆਂ ਖ਼ਤਮ ਹੋ ਚੁੱਕੀਆਂ ਹਨ, **ਮਹਿਮਾਨ ਨਵਾਜ਼ੀ** ਕਰਦੇ ਹੋ ਅਤੇ ਹਕ਼ੀਕ਼ੀ **ਮੁਸੀਬਤਾਂ** ਵਿੱਚ ਮਦਦ ਕਰਦੇ ਹੋ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਦੋ ਆਦਤਾਂ ਮੋਮਿਨ ਵਿੱਚ ਨਹੀਂ ਹੋ ਸਕਦੀਆਂ। ਇੱਕ ਕੰਜੂਸੀ ਅਤੇ ਦੂਸਰੀ ਬੁਰਾ ਸੁਭਾਅ। ਫ਼ਰਮਾਇਆ **ਜ਼ੁਲਮ** ਤੋਂ ਬਚੋ, **ਕੰਜੂਸੀ** ਅਤੇ **ਹਿਰਸ** ਤੋਂ ਬਚੋ, ਯਕ਼ੀਨਨ ਕੰਜੂਸੀ ਨੇ ਤੁਹਾਡੇ ਤੋਂ ਪਹਿਲੇ ਲੋਕਾਂ ਨੂੰ ਹਲਾਕ ਕੀਤਾ ਸੀ। ਇੱਕ ਸ਼ਖ਼ਸ ਦੇ ਦਿਲ ਵਿੱਚ ਹਿਰਸ ਅਤੇ ਕੰਜੂਸੀ ਅਤੇ ਇਮਾਨ ਇਕੱਠੇ ਨਹੀਂ ਹੋ ਸਕਦੇ।

ਹਜ਼ਰਤ ਅਨਸ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਆਪ ﷺ ਲੋਕਾਂ ਵਿੱਚੋਂ ਸਭ ਤੋਂ ਜ਼ਿਆਦਾ **ਹਸੀਨ** ਸਨ। ਲੋਕਾਂ ਵਿੱਚੋਂ ਸਭ ਤੋਂ ਜ਼ਿਆਦਾ ਦਾਨ ਪੁੰਨ ਕਰਨ ਵਾਲ਼ੇ ਸਨ। ਲੋਕਾਂ ਵਿੱਚੋਂ ਸਭ ਤੋਂ ਜ਼ਿਆਦਾ **ਬਹਾਦੁਰ** ਸਨ।

ਆਪ ﷺ ਨੇ ਫ਼ਰਮਾਇਆ ਕਿ ਅੱਲਾਹ ਸਭ ਦਾਨ ਪੁੰਨ ਕਰਨ ਵਾਲ਼ਿਆਂ ਤੋਂ ਜ਼ਿਆਦਾ ਦਾਨ ਪੁੰਨ ਕਰਨ ਵਾਲ਼ਾ ਹੈ ਅਤੇ ਮੈਂ ਇਨਸਾਨਾਂ ਵਿੱਚੋਂ ਸਭ ਤੋਂ ਜ਼ਿਆਦਾ ਦਾਨ ਪੁੰਨ ਕਰਨ ਵਾਲ਼ਾ ਹਾਂ।

ਰਿਵਾਇਤਾਂ ਵਿੱਚ ਜ਼ਿਕਰ ਹੈ ਕਿ ਆਪ ﷺ **ਰਮਜ਼ਾਨ** ਵਿੱਚ ਬਹੁਤ ਜ਼ਿਆਦਾ ਦਾਨ ਪੁੰਨ ਕਰਦੇ ਸਨ ਅਤੇ **ਖ਼ੈਰ** ਅਤੇ **ਭਲਾਈ** ਵਿੱਚ ਆਪ ﷺ ਤੇਜ਼ ਹਨੇਰੀ ਤੋਂ ਵੀ ਜ਼ਿਆਦਾ ਤੇਜ਼ ਹੋ ਜਾਇਆ ਕਰਦੇ ਸਨ। ਆਪ ﷺ ਫ਼ਰਮਾਉਂਦੇ ਸਨ ਕਿ ਜੇਕਰ ਮੇਰੇ ਕੋਲ਼ **ਤਿਹਾਮਾ** ਦੇ ਪਹਾੜਾਂ ਦੇ ਬਰਾਬਰ ਸੋਨਾ ਹੁੰਦਾ ਤਾਂ ਮੈਂ ਉਹ ਸਭ ਤੁਹਾਡੇ ਵਿੱਚ ਵੰਡ ਦਿੰਦਾ ਅਤੇ ਤੁਸੀਂ ਮੈਨੂੰ ਝੂਠਾ ਜਾਂ ਕੰਜੂਸ ਨਹੀਂ ਪਾਓਗੇ। ਫ਼ਰਮਾਇਆ ਕਿ ਮੈਂ ਪਸੰਦ ਨਹੀਂ ਕਰਦਾ ਕਿ ਮੇਰੇ ਕੋਲ਼ **ਉਹਦ** ਪਹਾੜ ਜਿੰਨਾ ਸੋਨਾ ਹੋਵੇ ਅਤੇ ਤੀਸਰੀ ਰਾਤ ਲੰਘ ਜਾਵੇ ਅਤੇ ਉਸ ਵਿੱਚੋਂ ਇੱਕ ਦੀਨਾਰ ਵੀ ਮੇਰੇ ਕੋਲ਼ ਬਚ ਜਾਵੇ ਸਿਵਾਏ ਉਸ ਦੇ ਜੋ ਮੈਂ **ਕ਼ਰਜ਼** ਅਦਾ ਕਰਨ ਦੇ ਲਈ ਰੱਖ ਛੱਡਿਆ ਹੋਵੇ। ਫ਼ਰਮਾਇਆ: ਜਿਹੜੇ ਬਹੁਤ ਮਾਲਦਾਰ ਹਨ ਅਤੇ ਲੋੜਵੰਦਾਂ 'ਤੇ ਖ਼ਰਚ ਨਹੀਂ ਕਰਦੇ ਉਹੀ ਕ਼ਿਆਮਤ ਦੇ ਦਿਨ ਬਹੁਤ ਗ਼ਰੀਬ ਹੋਣਗੇ।

ਇਕ ਸ਼ਖ਼ਸ ਨੇ ਆਪ ﷺ ਕੋਲੋਂ ਦੋ ਪਹਾੜਾਂ ਦੇ ਦਰਮਿਆਨ ਜਿੰਨੀਆਂ ਵੀ **ਬੱਕਰੀਆਂ** ਸਨ ਸਭ ਮੰਗ ਲਈਆਂ। ਆਪ ﷺ ਨੇ ਉਸ ਨੂੰ ਉਹ ਸਭ ਦੇ ਦਿੱਤੀਆਂ। ਉਹ ਆਪਣੀ ਕ਼ੌਮ ਦੇ ਕੋਲ ਗਿਆ ਅਤੇ ਕਿਹਾ ਕਿ ਐ ਮੇਰੀ ਕ਼ੌਮ! ਇਮਾਨ ਲੈ ਆਓ! ਖ਼ੁਦਾ ਦੀ ਕ਼ਸਮ ਮੁਹੰਮਦ (ﷺ) ਤਾਂ ਇੰਨਾ ਦਿੰਦੇ ਹਨ ਕਿ **ਗ਼ੁਰਬਤ** ਦਾ ਡਰ ਨਹੀਂ ਰਹਿੰਦਾ।

ਹਜ਼ੂਰ ਅਨਵਰ ਨੇ ਫ਼ਰਮਾਇਆ: ਕਈ ਵਾਰ ਕੋਈ ਸ਼ਖ਼ਸ ਸਿਰਫ਼ ਦੁਨੀਆ ਦੀ ਖ਼ਾਤਿਰ ਵੀ ਇਸਲਾਮ ਕ਼ਬੂਲ ਕਰਦਾ ਹੈ ਤਾਂ ਉਸ ਨੂੰ ਇਸਲਾਮ ਦੁਨੀਆ, ਅਤੇ ਜੋ ਕੁੱਝ ਦੁਨੀਆ ਵਿੱਚ ਹੈ, ਉਸ ਤੋਂ ਵੱਧ ਕੇ **ਮਹਿਬੂਬ** ਹੋ ਜਾਂਦਾ ਹੈ।

ਆਪ ﷺ ਆਉਣ ਵਾਲੇ ਕੱਲ ਦੇ ਲਈ ਕੋਈ ਸ਼ੈ ਬਚਾ ਕੇ ਨਾ ਰੱਖਦੇ। ਇੱਕ ਵਾਰ ਨਬੀ ਕਰੀਮ ﷺ ਨੇ ਅਸਰ ਦੀ ਨਮਾਜ਼ ਪੜ੍ਹਾਈ ਅਤੇ ਛੇਤੀ ਛੇਤੀ ਘਰ ਤਸ਼ਰੀਫ਼ ਲੈ ਗਏ ਅਤੇ ਫਿਰ ਬਾਹਰ ਤਸ਼ਰੀਫ਼ ਲਿਆਏ। ਪੁੱਛਣ 'ਤੇ ਫ਼ਰਮਾਇਆ ਕਿ ਮੈਂ **ਸਦਕ਼ੇ** ਦੇ ਮਾਲ ਵਿੱਚੋਂ ਸੋਨੇ ਦਾ ਇੱਕ ਟੁਕੜਾ ਘਰ ਵਿੱਚ ਛੱਡ ਆਇਆ ਸੀ। ਮੈਂ ਨਾ-ਪਸੰਦ ਕੀਤਾ ਕਿ ਇਹ ਰਾਤ ਭਰ ਮੇਰੇ ਕੋਲ ਮੌਜੂਦ ਰਹੇ ਇਸ ਲਈ ਮੈਂ ਉਸਨੂੰ ਵੰਡ ਦਿੱਤਾ।

ਹਜ਼ਰਤ ਉੱਮਿ ਸਲਮਾ ਰਜ਼ਿ ਅੱਲਾਹੁ ਅਨਹਾ ਬਿਆਨ ਕਰਦੀ ਹਨ ਕਿ ਇੱਕ ਵਾਰ ਆਪ ﷺ ਮੇਰੇ ਕੋਲ ਤਸ਼ਰੀਫ਼ ਲਿਆਏ ਅਤੇ ਆਪ ﷺ ਦੇ ਚਿਹਰੇ ਦਾ ਰੰਗ ਬਦਲਿਆ ਹੋਇਆ ਸੀ। ਮੈਂ ਸਮਝਿਆ ਕਿ ਕਿਸੇ **ਤਕਲੀਫ਼** ਜਾਂ ਦਰਦ ਦੀ ਵਜ੍ਹਾ ਨਾਲ ਅਜਿਹਾ ਹੋਵੇਗਾ। ਮੈਂ ਅਰਜ਼ ਕੀਤਾ ਕਿ ਐ ਅੱਲਾਹ ਦੇ ਰਸੂਲ! ਤੁਹਾਡੇ ਚਿਹਰੇ ਦਾ ਰੰਗ ਬਦਲਿਆ ਹੋਇਆ ਹੈ। ਕੀ ਇਹ ਕਿਸੀ ਤਕਲੀਫ਼ ਦੀ ਵਜ੍ਹਾ ਨਾਲ ਹੈ? ਆਪ ﷺ ਨੇ ਫ਼ਰਮਾਇਆ ਕਿ ਨਹੀਂ, ਬਲਕਿ ਉਨ੍ਹਾਂ ਸੱਤ **ਦੀਨਾਰਾਂ** ਦੀ ਵਜ੍ਹਾ ਨਾਲ ਹੈ ਜਿਹੜੇ ਮੇਰੇ ਕੋਲ ਸ਼ਾਮ ਨੂੰ ਆਏ ਸਨ ਅਤੇ ਰਾਤ ਲੰਘ ਗਈ ਅਤੇ ਮੈਂ ਉਨ੍ਹਾਂ ਨੂੰ ਖ਼ਰਚ ਨਹੀਂ ਕੀਤਾ। ਮੈਂ ਉਨ੍ਹਾਂ ਨੂੰ ਬਿਸਤਰੇ ਦੇ ਕੰਢੇ 'ਤੇ ਭੁੱਲ ਗਿਆ ਸੀ। ਜਦ ਮੈਨੂੰ ਯਾਦ ਆਇਆ ਤਾਂ ਮੈਨੂੰ ਸਖ਼ਤ ਤਕਲੀਫ਼ ਹੋਈ ਹੈ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ਰ ਸਲਾਮ ਫ਼ਰਮਾਉਂਦੇ ਹਨ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਇਹ ਹਾਲਤ ਸੀ ਕਿ ਆਪ ﷺ ਦੇ ਕੋਲ ਜੋ ਕੁੱਝ ਹੁੰਦਾ ਉਹ ਦਾਨ ਪੁੰਨ ਕਰ ਦਿਆ ਕਰਦੇ ਸਨ। ਆਪ ﷺ ਬਹੁਤ **ਹਯਾ** ਵਾਲੇ ਸਨ। ਜਦ ਵੀ ਆਪ ﷺ ਕੋਲੋਂ ਕੁੱਝ ਮੰਗਿਆ ਜਾਂਦਾ, ਆਪ ﷺ ਅਤਾ ਫ਼ਰਮਾ ਦਿੰਦੇ। ਆਪ ﷺ ਅਤਾ ਕਰਨ ਦੇ ਲਿਹਾਜ਼ ਨਾਲ ਸਭ ਲੋਕਾਂ ਤੋਂ ਜ਼ਿਆਦਾ **ਸਖ਼ੀ** ਸਨ।

ਇੱਕ ਵਾਰ ਆਪ ﷺ ਦੇ ਕੋਲ 70 ਹਜ਼ਾਰ **ਦਿਰਹਮ** ਆਏ। ਇਹ ਮਾਲ ਇੱਕ ਚਟਾਈ 'ਤੇ ਰੱਖਿਆ ਗਿਆ। ਆਪ ﷺ ਇਹ ਮਾਲ ਵੰਡਣ ਦੇ ਲਈ ਖੜੇ ਹੋਏ। ਕੋਈ ਮੰਗਣ ਵਾਲਾ ਅਜਿਹਾ ਨਾ ਆਇਆ ਜਿਸ ਨੂੰ ਆਪ ﷺ ਨੇ ਖ਼ਾਲੀ ਹੱਥ ਵਾਪਿਸ ਕੀਤਾ ਹੋਵੇ ਇਥੋਂ ਤੱਕ ਕਿ ਆਪ ﷺ ਨੇ ਸਾਰਾ ਮਾਲ ਵੰਡ ਦਿੱਤਾ।

ਹਜ਼ਰਤ ਉਸਮਾਨ ਰਜ਼ਿ ਅੱਲਾਹੁ ਅਨਹੁ ਨੇ ਨਬੀ ਕਰੀਮ ﷺ ਨੂੰ **ਅੰਗੂਰਾਂ** ਦਾ ਇੱਕ ਗੁੱਛਾ ਬ-ਤੌਰ ਤੋਹਫ਼ੇ ਦੇ ਪੇਸ਼ ਕੀਤਾ ਅਤੇ ਇਹ ਵੀ ਬਿਆਨ ਕੀਤਾ ਜਾਂਦਾ ਹੈ ਕਿ ਖਜੂਰਾਂ ਦਾ ਇੱਕ ਗੁੱਛਾ ਸੀ। ਕਹਿੰਦੇ ਹਨ ਫਿਰ ਇੱਕ ਮੰਗਣ ਵਾਲਾ ਆਇਆ ਤਾਂ ਆਪ ﷺ ਨੇ ਉਸ ਨੂੰ ਉਹ ਦੇ ਦਿੱਤਾ। ਫਿਰ ਹਜ਼ਰਤ ਉਸਮਾਨ ਰਜ਼ਿ ਅੱਲਾਹੁ ਅਨਹੁ ਨੇ ਉਸ ਨੂੰ ਇੱਕ ਦੀਨਾਰ ਵਿੱਚ ਖ਼ਰੀਦ ਲਿਆ।(ਉਹ ਗੁੱਛਾ ਜਿਹੜਾ ਆਪ ﷺ ਲਿਆਏ ਸਨ ਕੋਈ ਖ਼ਾਸ ਕ਼ਿਸਮ ਦਾ ਹੋਵੇਗਾ, ਚੰਗੀਆਂ ਖਜੂਰਾਂ ਹੋਣਗੀਆਂ) ਆਪ ﷺ ਨੇ ਇੱਕ ਦੀਨਾਰ ਵਿੱਚ ਉਸ ਕੋਲੋਂ ਖ਼ਰੀਦ ਕੇ ਯਾਨੀ ਉਸ ਮੰਗਣ ਵਾਲੇ ਕੋਲੋਂ, ਦੁਬਾਰਾ ਨਬੀ ਕਰੀਮ ﷺ ਦੀ **ਖ਼ਿਦਮਤ** ਵਿੱਚ ਪੇਸ਼ ਕਰ ਦਿੱਤਾ। ਫਿਰ ਉਹ **ਮੰਗਣ ਵਾਲਾ** ਦੁਬਾਰਾ ਆ ਗਿਆ ਤਾਂ ਆਪ ﷺ ਨੇ ਫਿਰ ਉਸ ਨੂੰ ਦੇ ਦਿੱਤਾ ਅਤੇ ਇਸੇ ਤਰ੍ਹਾਂ ਇਹ ਮਾਮਲਾ ਤਿੰਨ ਵਾਰ ਹੋਇਆ। ਹਜ਼ਰਤ ਉਸਮਾਨ ﷺ ਖ਼ਰੀਦਦੇ ਸਨ, ਨਬੀ ਕਰੀਮ ﷺ ਨੂੰ ਪੇਸ਼ ਕਰਦੇ ਸਨ, ਉਹ ਮੰਗਣ ਵਾਲਾ ਦੁਬਾਰਾ ਆ ਕੇ ਮੰਗਦਾ ਸੀ, ਫਿਰ ਆਪ ﷺ ਉਸ ਨੂੰ ਦੇ ਦਿੰਦੇ ਸਨ। ਆਖ਼ਿਰਕਾਰ ਨਬੀ ਕਰੀਮ ﷺ ਨੇ ਨਰਮੀ ਨਾਲ ਉਸ ਮੰਗਣ ਵਾਲੇ ਨੂੰ ਫ਼ਰਮਾਇਆ ਕਿ ਐ ਫ਼ਲਾਣੇ! ਤੂੰ ਮੰਗਣ ਵਾਲਾ ਹੈਂ ਜਾਂ ਕਾਰੋਬਾਰ ਕਰਨ ਵਾਲਾ? ਤੂੰ ਮੰਗਣ ਆਇਆ ਹੈਂ, ਮੰਗਣ ਵਾਲੇ ਇਸ ਤਰ੍ਹਾਂ ਤਾਂ ਨਹੀਂ ਕਰਦੇ। ਤੂੰ ਦਿਰਹਮ ਵੀ ਕਮਾਈ ਜਾ ਰਿਹਾ ਹੈਂ, ਇਹ ਕਾਰੋਬਾਰ ਹੈ। ਆਪ ﷺ ਨੇ ਇਨਕਾਰ ਨਹੀਂ ਕੀਤਾ ਪਰ ਬੜੀ ਹਲੀਮੀ ਨਾਲ ਨਸੀਹਤ ਫ਼ਰਮਾਈ ਕਿ ਇਹ ਕੰਮ ਚੰਗਾ ਨਹੀਂ ਹੈ ਜਿਹੜਾ ਤੂੰ ਕਰ ਰਿਹਾ ਹੈਂ।

ਹਜ਼ਰਤ ਅਬਦੁੱਲਾਹ ਬਿਨ ਸਲਾਮ ਰਜ਼ਿ ਅੱਲਾਹੁ ਅਨਹੁ ਦੇ ਹਵਾਲੇ ਨਾਲ ਹਜ਼ਰਤ ਜ਼ੈਦ ਬਿਨ ਸੁਅਨਾ ਦੇ ਕ਼ਬੂਲੀਅਤਿ ਇਸਲਾਮ ਦਾ ਵਾਕ਼ਿਆ ਬਿਆਨ ਕਰਨ ਦੇ ਬਾਅਦ ਹਜ਼ੂਰ ਅਨਵਰ ਨੇ ਫ਼ਰਮਾਇਆ: ਇਹ ਹੈ ਆਪ ﷺ ਦਾ ਹੁਸਨਿ ਖ਼ੁਲਕ਼ ਕਿ ਨਾ ਸਿਰਫ਼ ਕ਼ਰਜ਼ ਲੈ ਕੇ ਇੱਕ ਕ਼ੌਮ ਨੂੰ ਭੁੱਖ ਤੋਂ ਮੁਕਤੀ ਦਵਾਈ ਬਲਕਿ ਆਪਣੇ ਅਖ਼ਲਾਕ਼ ਨਾਲ ਇਕ ਯਹੂਦੀ ਆਲਿਮ ਨੂੰ ਵੀਂ ਮੁਸਲਮਾਨ ਬਣਾ ਲਿਆ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِىَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞